# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਕਾਰਪੋਰੇਟ ਆਈ.ਡੀ ਨੰ:**U40109PB2010SGC033813** ਵੈਬ ਸਾਈਟ **www.pspcl.in**
(ਦਫ਼:ਸੰਯੁਕਤ ਸਕੱਤਰ/ਅਮਲਾ-1,(ਅ:ਅ:-4),ਪਟਿਆਲਾ)
**E-mail ID: dy-secy-eng 1@pspcl.in**

ਵੱਲ,

1) ਜਨਰਲ ਮੈਨੇਜਰ/ਥਰਮਲ,ਗਨਦਥਪ,ਬਠਿੰਡਾ।
2) ਮੁੱਖ ਇੰਜੀ:/ਸਿ:ਡਿਜ਼ਾ: ਤੇ ਉਸਾਰੀ,ਪੰ:ਰਾ:ਪਾ:ਕਾ:ਲਿਮ;ਪਟਿਆਲਾ।
3) ਉਪ ਸਕੱਤਰ/ਜਨਰਲ,ਪੰ:ਰਾ:ਪਾ:ਕਾ:ਲਿਮ;ਪਟਿਆਲਾ।

ਮੀਮੋ ਨੰ:1177/79/ਈ.ਐਨ.ਜੀ.-4/ ਜੀ.-107

ਮਿਤੀ:8-6-17/

ਵਿਸ਼ਾ:- ਸਫਾਈ-ਸੇਵਕ ਤੋ ਹੈਡ ਸਫਾਈ-ਸੇਵਕ ਦੀ ਅਸਾਮੀ ਲਈ ਤਰੱਕੀ ਲੈਣ ਲਈ ਆਪਸ਼ਨਾਂ ਦੇਣ ਸੰਬੰਧੀ।

ਹਵਾਲਾ:- ਇਸ ਦਫ਼ਤਰ ਦੇ ਮੀਮੋ ਨੰ:909 ਮਿਤੀ:12-05-17 ਦੇ ਸਬੰਧ ਵਿੱਚ।

ਹਵਾਲੇ ਅਧੀਨ ਵਿਸ਼ੇ ਦੇ ਸਬੰਧ ਵਿੱਚ ਮੁੜ ਦੱਸਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਕੇਡਰ ਦੇ ਹੈਡ ਸਫਾਈ-ਸੇਵਕ ਦੀਆਂ ਤਿੰਨ ਨੰਬਰ ਖਾਲੀ ਪਈਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਲਈ ਉਨ੍ਹਾਂ ਸਫਾਈ-ਸੇਵਕ ਦੇ ਸੇਵਾ-ਵੇਰਵੇ ਮੰਗੇ ਜਾਂਦੇ ਹਨ,ਜਿਨ੍ਹਾਂ ਸਫਾਈ-ਸੇਵਕਾਂ ਨੂੰ ਸੁਪਰਡੈਂਟ/ਅਮਲਾ ਅਗਜ਼ਟੀ-3, ਪੰ:ਰਾ:ਪਾ:ਕਾ:ਲਿਮ;ਪਟਿਆਲਾ ਵੱਲੋ ਸੀਨੀਅਰਤਾ ਸੂਚੀ ਨੰਬਰ ਅਲਾਟ ਕੀਤਾ ਗਿਆ ਹੈ।

ਇਸ ਲਈ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਕੇਡਰ ਦੇ ਸਫਾਈ-ਸੇਵਕਾਂ ਵਿੱਚੋਂ ਜੇਕਰ ਕੋਈ ਸਫਾਈ-ਸੇਵਕ ਹੈਡ ਸਫਾਈ-ਸੇਵਕ ਦੀ ਤਰੱਕੀ ਦਾ ਚਾਹਵਾਨ ਹੋਵੇ,ਤਾਂ ਸੀਨੀਅਰਤਾ ਅਨੁਸਾਰ ਉਨ੍ਹਾਂ ਸਫਾਈ-ਸੇਵਕਾਂ ਦੀਆਂ ਆਪਸ਼ਨਾਂ ਪ੍ਰੋਫ਼ਾਰਮਾ 'ੳ' ਤੇ ਅਤੇ ਪ੍ਰੋਫ਼ਾਰਮਾ 'ਅ' ਤੇ ਸੇਵਾ-ਵੇਰਵੇਆਂ ਦੇ ਸਾਰੇ ਕਾਲਮ ਮੁਕੰਮਲ ਕਰਕੇ ਤਸਦੀਕਸੁਦਾ ਕਰਨ ਉਪਰੰਤ ਅਤੇ ਉਨ੍ਹਾਂ ਦੇ ਕੰਮ-ਕਾਜ,ਅਨੁਸ਼ਾਸਨੀ ਕੇਸ ਸਬੰਧੀ ਰਿਪੋਰਟ ਅਤੇ ਪਿੱਛਲੇ ਪੰਜ ਸਾਲ ਦੀਆਂ ਗੁਪਤ ਯੋਗਤਾ ਰਿਪੋਰਟ ਦੀ ਅਸੈਸ਼ਮੈਂਟ ਨੱਥੀ ਕਰਕੇ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨ੍ਹਾਂ ਦੇ ਅੰਦਰ-ਅੰਦਰ ਭੇਜੀ ਜਾਵੇ।ਜੇਕਰ ਆਪਸ਼ਨ/ਸੇਵਾ-ਵੇਰਵੇ ਨਿਸ਼ਚਿਤ ਮਿਤੀ ਤੱਕ ਪ੍ਰਾਪਤ ਨਾ ਹੋਣ ਕਰਕੇ ਕੋਈ ਸਫਾਈ-ਸੇਵਕ ਤਰੱਕੀ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਜੂਨੀਅਰ ਤਰੱਕੀ ਲੈ ਜਾਂਦਾ ਹੈ,ਤਾਂ ਉਸ ਦੀ ਜੁੰਮੇਵਾਰੀ ਤੁਹਾਡੇ ਦਫ਼ਤਰ ਦੀ ਹੋਵੇਗੀ ਜੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਸੰਯੁਕਤ ਸਕੱਤਰ/ਅਮਲਾ-1